# ELECTION CELL

**Revising Authority -CUM- ACA,BDA**

**034- Balluana SGPC Board**

Phone/Fax No. 0164-2241949

Zila Parishad Complex Second floor -214

Email:: bathindarural093ac@gmail.com


ਜ਼ਿੰਮੇਵਾਰ ਬਣੋ ਵੋਟਰ ਬਣੋ

ਨੰ: 103 ਮਿਤੀ 15/02/2024.

ਵੱਲ

ਨਾਇਬ ਤਹਿਸੀਲਦਾਰ-ਕਮ-ਨੋਡਲ ਅਫਸਰ
ਬਠਿੰਡਾ, ਗੋਨਿਆਣਾ ਅਤੇ ਸੰਗਤ
ਸਬੰਧਤ ਹਲਕਾ ਪਟਵਾਰੀ,
ਸਬੰਧਤ ਸੁਪਰਵਾਈਜ਼ਰ-093,091,
ਸਬੰਧਤ ਬੀ.ਐੱਲ.ਓਜ਼-093, 091.

**ਵਿਸ਼ਾ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ।**

ਉਪਰੋਕਤ ਵਿਸ਼ੇ ਅਧੀਨ ਪੱਤਰ ਰਾਹੀਂ ਆਪ ਨੂੰ ਲਿਖਿਆ ਜਾਂਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਦਾ ਕੰਮ 21/10/2023 ਤੋਂ ਚੱਲ ਰਿਹਾ ਹੈ। ਜ਼ਿਲ੍ਹਾ ਚੋਣ ਦਫਤਰ, ਬਠਿੰਡਾ ਵੱਲੋਂ ਜਾਰੀ ਹਦਾਇਤਾਂ ਪੱਤਰ ਨੰ. ਚੋਣ -2023/1817-22 ਮਿਤੀ 23/10/2023 ਰਾਹੀਂ ਹਲਕਾ ਪਟਵਾਰੀਆਂ ਦੀ ਸਹਾਇਤਾ ਲਈ ਬੂਥ ਲੈਵਲ ਅਫਸਰਾਂ ਦੀ ਡਿਊਟੀ (ਨੱਥੀ ਲਿਸਟ ਅਨੁਸਾਰ) ਲਗਾਈ ਗਈ ਹੈ।

1) ਐਸ.ਜੀ.ਪੀ.ਸੀ ਵੋਟਰ ਸੂਚੀਆਂ ਦੇ ਫਾਰਮ ਪ੍ਰਾਪਤ ਕਰਨ ਦੇ ਕੰਮ ਵਿੱਚ ਤੇਜੀ ਲਿਆਉਣ ਲਈ ਮਿਤੀ 16/02/2024 ਅਤੇ 17/02/2024 ਨੂੰ ਹਰੇਕ ਪਿੰਡ ਵਿੱਚ ਹਲਕਾ ਪਟਵਾਰੀਆਂ / ਬੂਥ ਲੈਵਲ ਅਫਸਰਾਂ ਵੱਲੋਂ ਸਪੈਸ਼ਲ ਕੈਂਪ ਲਗਾਇਆ ਜਾਵੇ। ਇਸ ਸਪੈਸ਼ਲ ਕੈਂਪ ਵਿੱਚ ਬੀ.ਐਲ.ਓ/ ਹਲਕਾ ਪਟਵਾਰੀਆਂ ਤੋਂ ਇਲਾਵਾ ਸਬੰਧਤ ਨੰਬਰਦਾਰ ਅਤੇ ਚੌਕੀਦਾਰ ਦੀ ਹਾਜ਼ਰੀ ਵੀ ਯਕੀਨੀ ਬਣਾਈ ਜਾਵੇ। ਕੈਂਪ ਦੌਰਾਨ ਆਪ ਵੱਲੋਂ ਨਿੱਜੀ ਤੌਰ ਚੈਕਿੰਗ ਕੀਤੀ ਜਾਵੇ।
2) ਹਰੇਕ ਬੂਥ ਲੈਵਲ ਅਫਸਰ ਨੂੰ ਘੱਟੋ-ਘੱਟ 50 ਫਾਰਮ ਪ੍ਰਾਪਤ ਕਰਨ ਦਾ ਟੀਚਾ ਦਿੱਤਾ ਜਾਵੇ। ਬੀ.ਐੱਲ.ਓ ਫਾਰਮ ਪ੍ਰਾਪਤ ਕਰਨ ਉਪਰੰਤ ਇਹ ਫਾਰਮ ਹਲਕਾ ਪਟਵਾਰੀਆਂ ਨੂੰ ਸੌਂਪਣਗੇ।
3) ਲਗਾਏ ਜਾਣ ਵਾਲੇ ਸਪੈਸ਼ਲ ਕੈਂਪ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ। ਗੁਰਦੁਆਰਾ ਸਾਹਿਬ ਦੇ ਲਾਊਡ ਸਪੀਕਰਾਂ ਰਾਹੀਂ ਅਨਾਊਂਸਮੈਂਟ ਕਰਵਾਈ ਜਾਵੇ। ਉੱਘੀਆਂ ਅਖਬਾਰਾਂ ਵਿੱਚ ਪ੍ਰੈੱਸ ਨੋਟ ਲਗਵਾਏ ਜਾਣ।
4) ਐਸ.ਜੀ.ਪੀ.ਸੀ. ਵੋਟਰ ਸੂਚੀਆਂ ਲਈ ਹੁਣ ਤੱਕ ਬਹੁਤ ਘੱਟ ਫਾਰਮ ਪ੍ਰਾਪਤ ਹੋਏ ਹਨ,ਇਸ ਲਈ ਆਪ ਅਧੀਨ ਕੰਮ ਕਰ ਰਹੇ ਪਟਵਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਇਸ ਕੰਮ ਵਿੱਚ ਤੇਜ਼ੀ ਲਿਆਉਣ ਲਈ ਸਖਤ ਹਦਾਇਤ ਜਾਰੀ ਕੀਤੀ ਜਾਵੇ ਅਤੇ ਉਹਨਾਂ ਦੇ ਕੰਮ ਦੀ ਰੋਜ਼ਾਨਾ ਸਮੀਖਿਆ ਕੀਤੀ ਜਾਵੇ ਅਤੇ ਰਿਪੋਰਟ ਹੇਠ ਲਿਖੇ ਪ੍ਰੋਫਰਮੇ ਵਿੱਚ ਭਰ ਕੇ ਇਸ ਦਫਤਰ ਨੂੰ ਭੇਜੀ ਜਾਵੇ:-

| ਮਿਤੀ | ਕੁੱਲ ਪ੍ਰਾਪਤ ਕੀਤੇ ਫਾਰਮ | ਪੁਰਸ਼ | ਇਸਤਰੀ | ਵਿਸ਼ੇਸ਼ ਕਥਨ |
|---|---|---|---|---|
| 16/02/2024 | | | | |
| 17/02/2024 | | | | |

ਰਿਵਾਈਜ਼ਿੰਗ ਅਥਾਰਟੀ (034 ਬੱਲੂਆਣਾ)-
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ)-ਚੋਣਾਂ-ਕਮ-ਵਧੀਕ
ਮੁੱਖ ਪ੍ਰਸ਼ਾਸਕ, ਬੀ.ਡੀ.ਏ,ਬਠਿੰਡਾ

# ELECTION CELL

**Revising Authority -CUM- ACA,BDA**
**034- Balluana SGPC Board**
**Phone/Fax No. 0164-2241949**
**Zila Parishad Complex Second floor -214**
**Email:: bathindarural093ac@gmail.com**

ਜ਼ਿੰਮੇਵਾਰ ਬਣੋ | ਵੋਟਰ ਬਣੋ

ਨੰ: 4 | ਮਿਤੀ

ਪਿੱਠ ਅੰਕਣ ਨੰ. 104 | ਮਿਤੀ : 15/2/24

ਉਪਰੋਕਤ ਦਾ ਇਕ ਉਤਾਰਾ :

1 ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ।

2 ਚੋਣਕਾਰ ਰਜਿਸਟਰੇਸ਼ਨ ਅਫਸਰ ਵਿਧਾਨ ਸਭਾ ਹਲਕਾ (091-ਭੁੱਚੋ ਮੰਡੀ) ਪਾਸ ਉਕਤ ਅਨੁਸਾਰ ਪਟਵਾਰੀ ਹਲਕਾ ਨਾਲ ਸਹਿਤਾ ਲਈ ਲਗਾਏ ਗਏ ਬੀ.ਐਲ.ਓਜ ਦੀ ਲਿਸਟ ਭੇਜ ਕੇ ਬੇਨਤੀ ਹੈ ਕੀ ਇਹਨਾਂ ਬੀ.ਐਲ.ਓਜ ਨੂੰ ਸਬੰਧਤ ਪਟਵਾਰੀਆਂ ਦਾ ਸਹਿਯੋਗ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ।

3 ਸਮੂਹ ਸਬੰਧਤ ਬੀ.ਐਲ.ਓ./ਸੁਪਰਵਾਈਜ਼ਰਾਂ ਵਿਧਾਨ ਸਭਾ ਹਲਕਾ ਬਠਿੰਡਾ ਦਿਹਾਤੀ-93 ਅਤੇ ਸਮੂਹ ਸਬੰਧਤ ਬੀ.ਐਲ.ਓ./ਸੁਪਰਵਾਈਜ਼ਰ ਭੁੱਚੋ-91 ਨੂੰ ਉਕਤ ਹੁਕਮਾਂ ਦੀ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

4 ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਕੈਂਪ ਸਬੰਧੀ ਪ੍ਰੋਗਰਾਮਾਂ ਨੂੰ ਅਖਬਾਰਾਂ ਵਿੱਚ ਭੇਜ ਕੇ ਪ੍ਰਕਾਸ਼ਿਤ ਕੀਤਾ ਜਾਵੇ।

5 ਜ਼ਿਲ੍ਹਾ ਬਲਾਕ ਅਤੇ ਪੰਚਾਇਤ ਅਫਸਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਕੈਂਪਾਂ ਸਬੰਧੀ ਪਿੰਡਾਂ ਵਿੱਚ ਮੁਸ਼ਤਰੀ/ਮੁਨਾਦੀ ਕਰਵਾਉਣ ਲਈ ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ।

6 ਸੰਬੰਧਤ ਵਿਭਾਗ, ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.ਅਤੇ ਸੈ.ਸਿੱ.) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਨੱਥੀ ਲਿਸਟ ਅਨੁਸਾਰ ਦਰਸ਼ਾਏ ਗਏ ਬੀ.ਐਲ.ਓ. ਸਟਾਫ ਨੂੰ ਉਕਤ ਦਿਨਾਂ ਲਈ ਦਫਤਰੀ ਕੰਮ ਤੋਂ ਛੋਟ ਦਿੱਤੀ ਜਾਵੇ।

ਰਿਵਾਈਜ਼ਿੰਗ ਅਥਾਰਟੀ (034 ਬੱਲੂਆਣਾ)-
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ)-ਚੋਣਾਂ-ਕਮ-ਵਧੀਕ
ਮੁੱਖ ਪ੍ਰਸ਼ਾਸਕ, ਬੀ.ਡੀ.ਏ,ਬਠਿੰਡਾ

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ :ਜੀ-1/1 ( )2024 | 4023 | ਮਿਤੀ: 15/02/2024

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁੱਖੀਆਂ ਨੂੰ ,ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

15/2/24

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ